# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ:- ਸੈਸ਼ਨ 2020-21 ਲਈ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਦੇ ਦੂਜੇ ਰਾਜਾਂ/ ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਦਾਖਲੇ ਨੂੰ (simplify) ਸਰਲ ਕਰਨ ਬਾਰੇ।**

ਉਪਰੋਕਤ ਵਿਸ਼ੇ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਵੱਖ-2 ਸਕੂਲਾਂ ਤੋਂ ਸੁਝਾਅ ਪ੍ਰਾਪਤ ਹੋ ਰਹੇ ਹਨ ਅਤੇ ਉਹਨਾਂ ਵੱਲੋਂ ਆ ਰਹੀਆਂ ਦਿੱਕਤਾਂ ਬਾਰੇ ਵੀ ਦੱਸਿਆ ਜਾ ਰਿਹਾ ਹੈ। ਇਹਨਾਂ ਦਿੱਕਤਾਂ ਨੂੰ ਮੁੱਖ ਰੱਖਦੇ ਹੋਏ ਬੋਰਡ ਵੱਲੋਂ ਪੁਰਾਣੀਆਂ ਹਦਾਇਤਾਂ ਨੂੰ ਮੁੜ ਵਿਚਾਰਿਆ ਹੈ ਅਤੇ ਇਹਨਾਂ ਹਦਾਇਤਾਂ ਨੂੰ (simplify) ਸਰਲ ਕੀਤਾ ਜਾ ਰਿਹਾ ਹੈ ਤਾਂ ਜੋ ਸਕੂਲਾਂ ਨੂੰ ਦੂਜੇ ਰਾਜਾਂ ਤੋਂ ਆਏ ਵਿਦਿਆਰਥੀਆਂ ਨੂੰ ਦਾਖਲ ਕਰਨ ਸਬੰਧੀ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ।

1. ਜਿਹੜੇ ਵਿਦਿਆਰਥੀਆਂ ਨੇ ਜਿਸ ਕਲਾਸ ਵਿੱਚ ਦਾਖਲਾ ਲੈਣਾ ਹੈ, ਉਸ ਕੋਲ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਜਾਂ ਟਰਾਂਸਫਰ ਸਰਟੀਫਿਕੇਟ (ਕੋਈ ਇੱਕ ਡਾਕੂਮੈਂਟ) ਹੀ ਲਿਆ ਜਾਵੇ।

2. ਸਕੂਲ ਮੁੱਖੀ ਦੁਆਰਾ ਟਰਾਂਸਫਰ ਸਰਟੀਫਿਕੇਟ/ ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸਕੂਲ ਮੁੱਖੀ ਸੀ.ਬੀ.ਐਸ.ਈ. ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈਬਸਾਈਟ ਤੇ ਜਾ ਕੇ ਸਕੂਲ ਬਾਰੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ ਸਕੂਲ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈਬਸਾਈਟ ਤੇ ਜਾ ਕੇ ਵੈਰੀਫਾਈ ਕਰਨ ਉਪਰੰਤ ਇਸ ਸਬੰਧ ਵਿੱਚ ਆਪਣੇ ਰਿਕਾਰਡ ਸਬੰਧਤ ਵੇਰਵੇ ਦਰਜ ਕਰ ਦੇਣ।

3. ਜਿਹੜੇ ਵਿਦਿਆਰਥੀ ਦਾਖਲ ਹੋਣ ਸਮੇਂ ਨਤੀਜਾ ਕਾਰਡ ਜਾਂ ਟਰਾਂਸਫਰ ਸਰਟੀਫਿਕੇਟ ਕਿਸੇ ਵਜ੍ਹਾ ਨਾਲ ਨਾ ਦੇ ਸਕਣ, ਤਾਂ ਉਹਨਾਂ ਵਿਦਿਆਰਥੀਆਂ ਨੂੰ ਪ੍ਰੋਵੀਜਨਲ ਦਾਖਲਾ ਦੇ ਦਿੱਤਾ ਜਾਵੇ ਪ੍ਰੰਤੂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਉਕਤ ਦੋਨਾਂ ਵਿੱਚੋਂ ਕੋਈ ਇੱਕ ਸਰਟੀਫਿਕੇਟ ਸਬੰਧਤ ਵਿਦਿਆਰਥੀ ਦੁਆਰਾ ਸਕੂਲ ਮੁੱਖੀ ਨੂੰ ਪੇਸ਼ ਕਰੇ।

3.6.2020

ਕੰਟਰੋਲਰ (ਪ੍ਰੀਖਿਆਵਾਂ)
ਪੰਜਾਬ ਸਕੂਲ ਸਿੱਖਿਆ ਬੋਰਡ